ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,
( ਜਨਰਲ ਸ਼ਾਖਾ ) ।

ਸੇਵਾ ਵਿਖੇ

ਰਾਜ ਦੇ ਸਮੂਹ:-
ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰਜ਼ ।

ਯਾਦ ਪੱਤਰ ਨੰ: ਜੀ.ਪੀ.ਜੀ-1/2002/24860-16
ਚੰਡੀਗੜ੍ਹ, ਮਿਤੀ: 29-8-02

ਵਿਸ਼ਾ:- ਰਾਜ ਦੀਆਂ ਗਰਾਮ ਪੰਚਾਇਤਾਂ ਦੇ ਸਰਪੰਚਾਂ ਨੂੰ 500/- ਰੁਪਏ ਪ੍ਰਤੀ ਮਹੀਨਾ ਭੱਤਾ ਦੇਣ ਸਬੰਧੀ ।

---

ਪੰਜਾਬ ਪੇਮੈਂਟ ਆਫ ਅਲਾਊਂਸਿਜ਼ ਐਂਡ ਫੀਸ ਟੂ ਦੀ ਚੇਅਰਮੈਨ, ਵਾਈਸ ਚੇਅਰਮੈਨ ਐਂਡ ਮੈਂਬਰਜ਼ ਆਫ ਦੀ ਪੰਚਾਇਤ ਸੰਮਤੀਜ਼ ਐਂਡ ਜ਼ਿਲ੍ਹਾ ਪਰਿਸ਼ਦਜ਼, ਰੂਲਜ਼, 1996 ਅਨੁਸਾਰ ਚੇਅਰਮੈਨ/ ਵਾਈਸ ਚੇਅਰਮੈਨ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਨੂੰ ਕ੍ਰਮਵਾਰ ਇਕ ਹਜ਼ਾਰ ਰੁਪਏ 750/- ਰੁਪਏ ਅਤੇ ਦੋ ਹਜ਼ਾਰ ਰੁਪਏ ਅਤੇ 1500/- ਰੁਪਏ ਪ੍ਰਤੀ ਮਹੀਨਾ ਭੱਤਾ ਦਿੱਤਾ ਜਾਂਦਾ ਹੈ । ਗਰਾਮ ਪੰਚਾਇਤਾਂ ਦੇ ਸਰਪੰਚ ਵੀ ਆਮ ਜਨਤਾ ਵਲੋਂ ਚੁਣੇ ਹੋਏ ਨੁਮਾਇੰਦੇ ਹਨ ਅਤੇ ਇਹਨਾਂ ਨੂੰ ਵੀ ਗਰਾਮ ਪੰਚਾਇਤਾਂ ਦੇ ਵਿਕਾਸ ਕਾਰਜਾਂ ਅਤੇ ਹੋਰ ਕੰਮਾਂ ਵਿੱਚ ਆਪਣਾ ਬਹੁਤ ਸਾਰਾ ਸਮਾਂ ਲਗਾਉਣਾ ਪੈਂਦਾ ਹੈ । ਇਨ੍ਹਾਂ ਸਰਪੰਚਾਂ ਦਾ ਆਪਣੀਆਂ ਗਰਾਮ ਪੰਚਾਇਤਾਂ ਦੇ ਵਿਕਾਸ ਕਾਰਜਾਂ ਵਿੱਚ ਉਤਸ਼ਾਹ ਬਣਾਈ ਰੱਖਣ ਅਤੇ ਆਮ ਲੋਕਾਂ ਵਿੱਚ ਇਨ੍ਹਾਂ ਦਾ ਸਨਮਾਨ ਕਾਇਮ ਕਰਨ ਦੇ ਮੰਤਵ ਨਾਲ ਇਨ੍ਹਾਂ ਨੂੰ ਵੀ 500/- ਰੁਪਏ ਪ੍ਰਤੀ ਮਹੀਨਾ ਭੱਤਾ ਦੇਣ ਲਈ ਸਰਕਾਰ ਵਲੋਂ ਵਿਚਾਰਿਆ ਜਾ ਰਿਹਾ ਹੈ । ਇਸ ਭੱਤੇ ਤੇ ਆਉਣ ਵਾਲੇ ਖਰਚੇ ਦੀ ਪੂਰਤੀ ਸਬੰਧਤ ਗਰਾਮ ਪੰਚਾਇਤਾਂ ਦੇ ਆਪਣੇ ਫੰਡਾਂ ਵਿਚੋਂ ਕੀਤੀ ਜਾਣੀ ਹੈ । ਇਸ ਮਾਮਲੇ ਤੇ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਸਾਰੀਆਂ ਗਰਾਮ ਪੰਚਾਇਤਾਂ ਆਪਣੇ ਗਰਾਮ ਫੰਡਾਂ ਵਿਚੋਂ ਇਹ ਭੱਤਾ ਦੇਣ ਤੇ ਆਇਆ ਖਰਚ ਬਰਦਾਸ਼ਤ ਕਰ ਸਕਣਗੀਆਂ ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਰਾਹੀਂ ਜ਼ਿਲ੍ਹੇ ਦੀਆਂ ਸਮੂਹ ਗਰਾਮ ਪੰਚਾਇਤਾਂ ਦੇ ਲੇਖਿਆਂ ਦੀ ਪੜਤਾਲ ਕਰਕੇ ਮੁਕੰਮਲ ਰਿਪੋਰਟ ਸਬੰਧਤ ਡਵੀਜ਼ਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਰਾਹੀਂ ਇਸ ਵਿਭਾਗ ਨੂੰ ਭੇਜੀ ਜਾਵੇ ਕਿ ਕਿਹੜੀਆਂ ਗਰਾਮ ਪੰਚਾਇਤਾਂ ਇਹ ਖਰਚਾ ਆਪਣੇ ਗਰਾਮ-ਫੰਡ ਵਿਚੋਂ ਕਰ ਸਕਣ ਦੇ ਸਮਰੱਥ ਹਨ ਅਤੇ ਕਿਹੜੀਆਂ ਗਰਾਮ-ਪੰਚਾਇਤਾਂ ਅਜਿਹੀਆਂ ਹਨ ਜਿਹੜੀਆਂ ਆਪਣੇ ਵਿੱਤੀ-ਸਾਧਨਾਂ ਤੋਂ ਇਸ ਖਰਚੇ ਦੀ ਪੂਰਤੀ ਨਹੀਂ ਕਰ ਸਕਣਗੀਆਂ ।

ਇਹ ਮਾਮਲਾ ਅਤੀ ਮਹੱਤਵਪੂਰਨ ਹੈ, ਇਸ ਲਈ ਇਹ ਸੂਚਨਾ ਜ਼ਿਲੇ-ਪੱਧਰ ਤੇ ਸੰਕਲਿਤ ਕਰਾ ਕੇ ਇਸ ਦਫ਼ਤਰ ਨੂੰ ਛੇਤੀ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

ਵਧੀਕ ਡਾਇਰੈਕਟਰ ਪੰਚਾਇਤ
ਵਾਸਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰਬਰ ਡੀ.ਪੀ.ਜੀ-1/2002/24597-99 ਚੰਡੀਗੜ੍ਹ, ਮਿਤੀ: 29-8-02

ਉਪਰੋਕਤ ਇਕ ਨਕਲ ਡਵੀਜ਼ਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਪਟਿਆਲਾ, ਜਲੰਧਰ ਅਤੇ ਫਿਰੋਜ਼ਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਡਵੀਜ਼ਨ ਵਿੱਚ ਆਉਂਦੇ ਸਾਰੇ ਜ਼ਿਲਿਆਂ ਸਬੰਧੀ ਉਕਤ ਮਾਮਲੇ ਬਾਰੇ ਰਿਪੋਰਟ ਸੰਕਲਿਤ ਕਰਕੇ ਤੱਤਕਾਲ ਭਿਜਵਾਉਣ ਦੀ ਖੇਚਲ ਕਰਨ।

ਵਧੀਕ ਡਾਇਰੈਕਟਰ ਪੰਚਾਇਤ
ਵਾਸਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ,
ਪੰਜਾਬ, ਚੰਡੀਗੜ੍ਹ।